# ਧ੍ਰਿਗੰਤ ਮਾਤਾ ਪਿਤਾ ਸਨੇਹੰ

## ਸਲੋਕ ਸਹਸਕ੍ਰਿਤੀ ਮਹਲਾ ੫

## ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਇਹ ਸਲੋਕ, ਸ੍ਰੀ ਗੁਰੂ ਅਰਜਨ ਸਾਹਿਬ ਨੇ ਸਹਸਕ੍ਰਿਤੀ ਭਾਖਾ (ਭਾਸ਼ਾ) ਵਿਚ ਉਚਾਰਣ ਕੀਤਾ ਹੈ, ਜੋ ਪੰਨਾ ੧੩੫੩ ਤੇ ਸੁਭਾਇਮਾਨ ਹੈ। ਇਸ ਸਲੋਕ ਦੇ ਅਰੰਭ ਕਰਨ ਤੋਂ ਪਹਿਲਾਂ ਮੂਲ ਮੰਤਰ ਦਾ ਸਮੁਚਾ ਸਰੂਪ, ਮੰਗਲਾਚਰਣ (ਅਕਾਲ ਪੁਰਖ ਦੇ ਮੰਗਲ, ਸਿਫ਼ਤ ਸਲਾਹ) ਵਜੋਂ ਅੰਕਤ ਕੀਤਾ ਗਿਆ ਹੈ।

'ਸਹਸ' ਦਾ ਅਰਥ ਹੈ ਸਹਸ ਫ਼ੰਨਾਂ ਵਾਲਾ 'ਸੇਖਨਾਗ', ਭਾਵ ਸ਼ੇਸ਼ਨਾਗ ; 'ਕ੍ਰਿਤੀ' ਤੋਂ ਭਾਵ ਹੈ 'ਕੀਤੀ ਹੋਈ'। ਇੰਵ ਸਮੁਚਾ ਅਰਥ ਹੋਇਆ - ਸੇਖਨਾਗ ਦੀ ਕੀਤੀ ਹੋਈ। (ਗੁਰਬਾਣੀ ਵਿਚ ਸੰਸਕ੍ਰਿਤ ਵਾਲੇ 'ष' ਅਤੇ 'क्ष' ਦੀ ਥਾਂ 'ਖ' ਅਖਰ ਵਰਤਿਆ ਗਿਆ ਹੈ। ਸੰਸਕ੍ਰਿਤ ਦਾ 'अक्षर' ਗੁਰਬਾਣੀ ਵਿਚ 'ਅਖਰ' ਹੈ; 'शेषनाग' 'ਸੇਖਨਾਗ' ਹੈ। ਇਸੇ ਤਰ੍ਹਾਂ 'य' ਦੀ ਥਾਂ 'ਜ' ਹੈ ਜਿਵੇਂ 'ਯੋਗ' ਲਈ 'ਜੋਗ' ਅਤੇ 'ਯਗਜ' ਲਈ 'ਜਗ' ਦੀ ਵਰਤੋਂ ਕੀਤੀ ਗਈ ਹੈ। ਇਹੀ ਪਾਲੀ ਭਾਖਾ ਵਿਚ ਵੀ ਹੈ। ਪਾਲੀ ਤੇ ਸਹਸਕ੍ਰਿਤੀ, ਮੰਨ ਲਈਏ ਕਿ ਭੈਣਾਂ ਹਨ। ਬੁਧ ਧਰਮ ਦਾ ਸਾਹਿਤ ਪਾਲੀ ਭਾਖਾ ਵਿਚ ਹੈ। ਸੰਸਕ੍ਰਿਤ ਤਾਂ ਬਾਅਦ ਵਿਚ ਆਈ। ਇਨ੍ਹਾਂ ਤੋਂ ਪੁਰਾਤਨ ਪ੍ਰਾਕ੍ਰਿਤ ਹੈ ਤੇ ਉਸ ਤੋਂ ਪੁਰਾਤਨ ਪਰਾ-ਪ੍ਰਾਕ੍ਰਿਤ ਹੈ ਇਹੀ ਵੇਦਾਂ ਦੀ ਭਾਖਾ ਹੈ। ਸੰਸਕ੍ਰਿਤ ਤੋਂ ਬਾਅਦ ਹਿੰਦਵੀ ਆਈ ਤੇ ਫ਼ਿਰ ਹਿੰਦੀ। ਜਦੋਂ ਤੁਲਸੀ ਦਾਸ ਜੀ ਨੇ ਹਿੰਦਵੀ ਵਿਚ ਰਾਮਚਰਿਤਮਾਨਸ ਦੀ ਰਚਨਾ ਕਰ ਦਿਤੀ ਸੀ ਤਾਂ ਉਸ ਭਾਖਾ ਨੂੰ ਸੂਦਰਾਂ ਦੀ ਭਾਖਾ ਜਾਣ ਕੇ ਬ੍ਰਾਹਮਣਾਂ ਨੇ ਉਸ ਗ੍ਰੰਥ ਨੂੰ ਸਵੀਕਾਰ ਕਰਨ ਤੋਂ ਹੀ ਇਨਕਾਰ ਕਰ ਦਿਤਾ ਸੀ। ਬ੍ਰਾਹਮਣਾਂ ਨੂੰ ਈਨ ਤਾਂ ਮੰਨਣੀ ਪਈ ਜਦੋਂ ਸ੍ਰੀ ਰਾਮ ਚੰਦਰ ਜੀ ਦੇ ਉਸ ਤੇ ਦਸਤਖ਼ਤ ਹੋ ਗਏ। ਨਹੀਂ ਤਾਂ ਬ੍ਰਾਹਮਣੀ ਵਰਗ ਨੇ ਤੁਲਸੀਦਾਸ ਦੇ ਗ੍ਰੰਥ ਦਾ ਨਾਸ ਕਰਣ ਦੀਆਂ ਪੁਰਜ਼ੋਰ ਕੋਸ਼ਿਸ਼ਾਂ ਕੀਤੀਆਂ। ਅਜ ਹੁਣ, ਉਹੀ 'ਸ਼ੂਦਰ ਭਾਸ਼ਾ - ਹਿੰਦੀ' ਹੀ 'ਰਾਸ਼ਟ੍ਰ ਭਾਸ਼ਾ' ਮੰਨੀ ਜਾ ਰਹੀ ਹੈ।

ਇਸਲਾਮ ਵਿਚ ਵੀ ਅਰਬੀ ਤੋਂ ਫ਼ਾਰਸੀ ਆਈ ਤੇ ਫ਼ਿਰ ਉਸ ਤੋਂ ਉਰਦੂ। ਦੋਹਾਂ ਪਾਸੇ, ਇਹ ਸਭ ਕੁਝ ਪੁਰਾਤਨ ਭਾਸ਼ਾਵਾਂ ਦੇ ਭੁਲ ਜਾਣ ਕਰਕੇ, ਗਿਰਾਵਟ ਵਾਲਾ ਸਿਲਸਲਾ ਬਣਦਾ ਰਿਹਾ। ਕੁਝ ਵਿਦਵਾਨ ਇਸ ਨੂੰ ਭਾਸ਼ਾਵਾਂ ਦਾ ਰੂਪਾਂਤਰਣ ਕਹਿੰਦੇ ਹਨ ਪਰ ਅਸਲ ਵਿਚ ਤਾਂ ਇਹ ਗਿਰਾਵਟ (degeneration or decline) ਹੈ।

ਅਜ ਦੀ ਸਿਖੀ ਵਿਚ 'ਸ੍ਰੀ' ਦੀ ਥਾਂ 'ਸ਼੍ਰੀ' ('ਸ਼੍ਰੀ') ਵਾੜਿਆ ਜਾ ਚੁਕਿਆ ਹੈ। 'ਸਤਿ ਸ੍ਰੀ ਅਕਾਲ' ਦੀ ਥਾਂ 'ਸਤਿ ਸ਼੍ਰੀ ਅਕਾਲ' ਨੂੰ ਦਿਤੀ ਜਾ ਰਹੀ ਹੈ, ਆਦਿ ਆਦਿ। ਉਹ ਨਾ ਹੋਵੇ 'ਸਿਰੀ ਰਾਗੁ' ਵੀ 'ਸ਼੍ਰੀ ਰਾਗ' ਬਣਾ ਲਿਆ ਜਾਏ।

ਇਸ ਸਲੋਕ ਦੀ ਭਾਖਾ, ਸੰਸਕ੍ਰਿਤ ਬਿਲਕੁਲ ਨਹੀਂ, ਜਿਵੇਂ ਕਈ ਹਿੰਦੂ-ਵਾਦੀ ਕੂੜ ਪ੍ਰਚਾਰ ਕਰਦੇ ਹਨ। ਹਿੰਦੂ-ਵਾਦੀਆਂ ਦੀ ਜਮਾਤ ਸਿਖੀ ਸਰੂਪ ਵਿਚ ਵੀ ਬੁਰੀ ਤਰ੍ਹਾਂ ਘੁਸਪੈਠ ਕਰ ਚੁਕੀ ਹੈ। ਇਹ ਜਮਾਤ ਸੰਸਕ੍ਰਿਤ ਨੂੰ ਹੀ ਦੇਵ ਭਾਸ਼ਾ ਸਮਝਦੀ ਹੈ, ਜੋ ਸਰਾਸਰ ਗਲਤ ਹੈ। ਸਹਸਕ੍ਰਿਤੀ ਤਾਂ ਇਕ ਵਖ ਭਾਖਾ ਹੈ ਜੋ ਸੰਸਕ੍ਰਿਤ ਤੋਂ ਪੁਰਾਤਨ ਹੈ। ਇਸੇ ਤਰ੍ਹਾਂ ਦੇ ਭੁਲੇਖੇ ਖਾ ਕੇ ਆਰਿਆ ਸਮਾਜ ਦੇ ਮੋਢੀ ਤੇ ਅਖੌਤੀ ਵਿਦਵਾਨ (pseudo scholar), ਦਇਆ ਨੰਦ ਨੇ ਇਹ ਕਹਿ ਦਿਤਾ ਸੀ ਕਿ ਸ੍ਰੀ ਗੁਰੂ ਨਾਨਕ ਸਾਹਿਬ ਨੇ ਅਸ਼ੁੱਧ ਸੰਸਕ੍ਰਿਤ ਲਿਖੀ ਹੈ, ਜਿਸਦੀ ਨਿਸ਼ਾ, ਗਿਆਨੀ ਦਿਤ ਸਿੰਘ ਹੁਰਾਂ ਨੇ ਚੰਗੀ ਤਰ੍ਹਾਂ ਕਰ ਦਿਤੀ ਸੀ।

ਸ੍ਰੀ ਗੁਰੂ ਅਰਜਨ ਸਾਹਿਬ ਦੇ ਮੌਜੂਦਾ ਸਲੋਕ ਦੀ ਭਾਖਾ ਸਹਸਕ੍ਰਿਤੀ ਹੈ ਜੋ ਸੰਸਕ੍ਰਿਤ ਦੀ ਪੂਰਵੱਜ ਹੈ।

**ਕਤੰਚ ਮਾਤਾ ਕਤੰਚ ਪਿਤਾ ਕਤੰਚ ਬਨਿਤਾ ਬਿਨੋਦ ਸੁਤਹ।।**

**ਕਤੰਚ ਭ੍ਰਾਤ ਮੀਤ ਹਿਤ ਬੰਧਵ ਕਤੰਚ ਮੋਹ ਕੁਟੰਬ੍ਯਤੇ।।**

-- ਇਨ੍ਹਾਂ ਪੰਕਤੀਆਂ ਵਿਚ ਮਹਾਰਾਜ ਸੁਆਲ ਉਠਾਉਂਦੇ ਹੋਏ ਸਮਝਾ ਰਹੇ ਹਨ ਕਿ ਹੇ ਮਨੁਖ ! ਕਿਥੇ ਦੀ (ਕਾਹਦੀ) ਤੇਰੀ ਮਾਤਾ ਤੇ ਕਿਥੇ ਦਾ (ਕਾਹਦਾ) ਤੇਰਾ ਪਿਤਾ, ਕਿਥੇ ਦੀ (ਕਾਹਦੀ) ਤੇਰੀ ਘਰ ਵਾਲੀ ਤੇ ਪੁਤਰ, ਜਿਨ੍ਹਾਂ ਨਾਲ ਤੂੰ ਪ੍ਰੇਮ ਭਰੀਆਂ ਰੰਗ-ਰਲੀਆਂ ਮਾਣਦਾ ਹੈਂ !

ਹਿੰਦੂ-ਵਾਦ ਵਿਚ ਮਾਂ ਨੂੰ ਪਰਮੇਸ਼ਰ ਤਕ ਦਾ ਦਰਜਾ ਦਿਤਾ ਹੋਇਆ ਹੈ ਕਿਉਂਕਿ ਉਹ ਪਿਤਰ-ਪੂਜਕ 'ਧਰਮ' ਹੈ। ਭਾਵੇਂ, ਵਿਵਹਾਰ ਵਿਚ ਇਸਤਰੀ ਜਾਤ ਦੇ ਰੱਜ

ਕੇ ਬੇ-ਹੁਰਮਤੀ ਹੈ। ਜਦਕਿ ਸਿਖੀ ਪਿਤਰ-ਪੂਜਕ ਨਹੀਂ, ਗੁਰੂ-ਪੂਜਕ ਹੈ ਤੇ ਪੂਜਾ ਦਾ ਢੰਗ - ਨਾਮ ਜਪਣਾ ਤੇ ਸੇਵਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਅਨੁਸਾਰ 'ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ।।' ਪੰਨਾ ੪੮੯. ਇਸੇ ਲਈ ਹੀ ਰਮਾਇਣ ਕਾਲ ਦੇ ਇਕ ਪ੍ਰਸਿਧ ਪਿਤਰ-ਪੂਜਕ 'ਸ਼ਰਵਣ ਕੁਮਾਰ' ਦਾ ਗੁਰਬਾਣੀ ਵਿਚ ਜ਼ਿਕਰ ਵੀ ਨਹੀਂ ਆਇਆ। ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਨੇ ਗ੍ਰਿਹਸਤ ਧਰਮ ਨਿਭਾਉਣ ਲਈ ਮਨ੍ਹਾਂ ਨਹੀਂ ਕੀਤਾ, ਰਿਸ਼ਤੇਦਾਰੀਆਂ ਦੇ ਮੋਹ ਵਿਚ ਪੈਣ ਤੋਂ ਖ਼ਬਰਦਾਰ ਕੀਤਾ ਹੈ, ਇੰਞ ਜਿਵੇਂ ਜਲ ਵਿਚ ਕਮਲ ਅਤੇ ਮੁਰਗਾਈ ਅਭਿਜ ਰਹਿੰਦੇ ਹਨ। ਪਰਿਵਾਰ ਵਿਚ ਆਪਣੇ ਗ੍ਰਿਹਸਤ ਧਰਮ ਦਾ ਪਾਲਣ ਕਰਦੇ ਹੋਏ ਆਪਣੀ ਸੁਰਤੀ ਗੁਰੂ/ਸਬਦ ਵਿਚ ਲਗਾ ਕੇ ਰਖਣੀ ਹੈ - 'ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ।। ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੇ।।', ਪੰਨਾ ੯੩੮.

ਸ੍ਰੀ ਗੁਰੂ ਨਾਨਕ ਸਾਹਿਬ ਵੀ, ਪੰਨਾ ੧੫੬ ਤੇ, ਪ੍ਰਸ਼ਨਾਤਮਕ ਬਚਨ ਕਰਦੇ ਹਨ ਕਿ 'ਖਿਆਲ ਕਰੋ - ਕਾਹਦੀ ਮਾਂ ਤੇ ਕਾਹਦਾ ਪਿਓ, ਕਿਥੋਂ ਅਸੀਂ ਅਗਨੀ, ਜਲ ਆਦਿ ਪੰਜ ਤੱਤਾਂ ਨੂੰ ਮਿਲਕੇ ਬਣੇ ਹਾਂ ਅਤੇ ਸੋਚੋ ਕਿ ਕਿਸ ਕੰਮ ਲਈ ਇਥੇ ਜੰਮ ਕੇ ਆਏ ਹਾਂ, ਭਾਵ ਉਹੀ ਕੰਮ ਕਰੀਏ, ਐਵੇਂ ਇਨ੍ਹਾਂ ਰਿਸ਼ਤਿਆਂ ਦੇ ਮੋਹ ਵਿਚ ਕਿਉਂ ਫ਼ਸੇ ਫ਼ਿਰੀਏ' - 'ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ।। ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ।।' ਪਾਤਸ਼ਾਹ, ਆਸਾ ਕੀ ਵਾਰ ਵਿਚ ਫ਼ੁਰਮਾਣ ਕਰਦੇ ਹਨ ਕਿ 'ਗੁਰੂ ਦੇ ਨਾਮ ਤੋਂ ਬਿਨਾਂ, ਮੀਆਂ ਬੀਬੀ ਆਦਿ ਸਭ ਰਿਸ਼ਤੇ ਕੂੜ ਹਨ, ਬਿਨਸਨਹਾਰ ਹਨ, ਖਪ ਖਪ ਕੇ ਖੁਆਰ ਹੀ ਹੋ ਰਹੇ ਹਨ। ਕੂੜ ਦਾ ਪ੍ਰੇਮ ਕੂੜ ਨਾਲ ਲਗਿਆ ਹੋਇਆ ਹੈ ਜਿਸ ਕਰਕੇ ਕਰਤਾਰ ਵਿਸਰ ਗਿਆ ਹੋਇਆ ਹੈ। ਇਸ ਲਈ ਉਨ੍ਹਾਂ ਵਿਚੋਂ ਕਿਸੇ ਨਾਲ ਵੀ ਨੇਹ, ਪ੍ਰੇਮ ਲਗਾਉਣਾ ਸਹੀ ਨਹੀਂ' - 'ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ।। ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ।। ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ।।'

ਆਏ ਤਾਂ ਗੋਬਿੰਦ ਨੂੰ ਮਿਲਣ ਦਾ ਉਪਰਾਲਾ ਕਰਨ ਲਈ ਹਾਂ ਜਿਸ ਲਈ ਇਹ ਮਨੁਖਾ ਜਨਮ ਮਿਲਿਆ ਹੈ - 'ਭਈ ਪਰਾਪਤਿ ਮਾਨੁਖ ਦੇਹੁਰੀਆ।। ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।। ਅਵਰਿ ਕਾਜ ਤੇਰੈ ਕਿਤੈ ਨ ਕਾਮ।। ਮਿਲੁ

ਸਾਧ ਸੰਗਤਿ ਭਜੁ ਕੇਵਲ ਨਾਮ।।' ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵੀ ਖ਼ਬਰਦਾਰ ਕਰਦੇ ਹਨ ਕਿ ਕਿਸਦੀ ਮਾਂ ਤੇ ਕਿਸ ਦਾ ਪਿਓ, ਪੁਤਰ ਤੇ ਵਹੁਟੀ। ਇਹ ਤਾਂ ਕਿਸੇ ਦੇ ਨਹੀਂ ਹੁੰਦੇ। ਇਹ ਤਨ ਵੀ ਛੁਟ ਜਾਂਦਾ ਹੈ, ਕੁਝ ਨਾਲ ਨਹੀਂ ਜਾਂਦਾ, ਤਾਂ ਫ਼ਿਰ ਇਨ੍ਹਾਂ ਸਭ ਨਾਲ ਕਿਉਂ ਲਿਪਟਿਆ ਫ਼ਿਰਦਾ ਹੈਂ - 'ਕਾਂ ਕੀ ਮਾਤ ਪਿਤਾ ਸੁਤ ਬਨਿਤਾ ਕੋ ਕਾਹੂ ਕੋ ਭਾਈ।।..ਤਨ ਛੂਟੈ ਕਛੁ ਸੰਗਿ ਨ ਚਾਲੈ ਕਹਾ ਤਾਹਿ ਲਪਟਾਈ।।' ਪੰਨਾ ੧੨੩੧.

-- ਕਿਥੇ ਦਾ ਤੇਰਾ ਭਰਾ, ਮਿਤਰ, ਤੇ ਰਿਸ਼ਤੇ ਵਿਚ ਬੰਨ੍ਹਣ ਵਾਲੇ ਸੰਬੰਧੀ, ਜਿਨ੍ਹਾਂ ਨਾਲ ਤੇਰਾ ਹਿਤ ਬੰਨ੍ਹਿਆਂ ਹੋਇਆ ਹੈ, ਕਾਹਦਾ ਤੇਰਾ ਕੁਟੰਬ ਦਾ ਮੋਹ, ਭਾਵ ਇਹ ਕੁਝ ਵੀ ਅਸਲ ਵਿਚ ਤੇਰਾ ਨਹੀਂ, ਸਭ ਇਥੇ ਹੀ ਰਹਿ ਜਾਣਾ ਹੈ।

ਸ੍ਰੀ ਗੁਰੂ ਅਰਜਨ ਸਾਹਿਬ ਦਾ, ਪੰਨਾ ੪੭ ਤੇ, ਫ਼ੁਰਮਾਣ ਹੈ ਕਿ ਹਰ ਤਰ੍ਹਾਂ ਦੇ ਧਨ ਪਦਾਰਥ ਸੋਨਾ ਚਾਂਦੀ ਸਭ ਸੁਆਹ ਹਨ, ਮਾਤਾ ਪਿਤਾ ਪੁਤਰ ਤੇ ਹੋਰ ਸਾਰੇ ਸੰਬੰਧੀਆਂ ਨਾਲ ਸਭ ਰਿਸ਼ਤੇ ਕੂੜੇ ਹਨ - 'ਰਤਨ ਪਦਾਰਥ ਮਾਣਕਾ ਸੁਇਨਾ ਰੁਪਾ ਖਾਕੁ।। ਮਾਤ ਪਿਤਾ ਸੁਤ ਬੰਧਪਾ ਕੂੜੇ ਸਭੇ ਸਾਕ।।'

**ਕਤੰਚ ਚਪਲ ਮੋਹਨੀ ਰੂਪੰ ਪੇਖੰਤੇ ਤਿਆਗੰ ਕਰੋਤ।।**

**ਰਹੰਤ ਸੰਗ ਭਗਵਾਨ ਸਿਮਰਣ ਨਾਨਕ ਲਬਧੵੰ ਅਚੁਤ ਤਨਹ।।੧।।**

-- ਕਾਹਦੀ ਤੇਰੀ, ਇਹ ਚੰਚਲ, ਮੋਹਣੀ ਮਾਇਆ, ਇਹ ਸੋਹਣਾ ਰੂਪ ਰੰਗ ਵੇਖਣਾ, ਮਾਣਨਾ, ਪਰ ਇਹ ਤਾਂ ਵੇਖਦਿਆਂ ਵੇਖਦਿਆਂ, ਸਾਡਾ ਇਹ ਸਭ ਕੁਝ ਸਾਨੂੰ ਛਡ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਦਾ, ਪੰਨਾ ੬੩ ਤੇ, ਬਚਨ ਹੈ ਕਿ ਜੋ ਆਪਣੇ ਪੁਤਰਾਂ ਆਦਿ ਨੂੰ ਵੇਖ ਕੇ ਖੁਸ਼ ਹੁੰਦਾ ਹੈ ਅਤੇ ਆਪਣੀ ਸੁੰਦਰ ਨਾਰੀ ਨੂੰ ਸੇਜ ਤੇ ਮਾਣਦਾ ਹੈ; ਇਹ ਸਭ ਇਤਰ, ਚੰਦਨ, ਸੁੰਦਰ ਕਪੜੇ, ਸ਼ਿੰਗਾਰ ਅਤੇ ਰੂਪ, ਘਰ ਬਾਰ ਸਭ ਮਿਟੀ ਵਿਚ ਮਿਲ ਜਾਣੇ ਹਨ। ਸੰਸਾਰ ਸਾਗਰ ਤੋਂ ਪਾਰ ਹੋਣ ਲਈ ਪਾਤਸ਼ਾਹ ਦਾ ਨਾਮ ਜਪਿਆ ਹੀ ਕੰਮ ਆਉਂਦਾ ਹੈ - 'ਪੁਤਾ ਦੇਖਿ ਵਿਗਸੀਐ ਨਾਰੀ ਸੇਜ ਭਤਾਰ।। ਚੋਆ ਚੰਦਨੁ ਲਾਈਐ ਕਾਪੜੁ ਰੂਪੁ ਸੀਗਾਰੁ।। ਨਾਨਕ ਤਰੀਐ ਸਚਿ ਨਾਮਿ ਸਿਰਿ ਸਾਹਾ ਪਾਤਿਸਾਹੁ।।' ਸ੍ਰੀ ਗੁਰੂ ਅਮਰਦਾਸ ਸਾਹਿਬ,

ਪੰਨਾ ੬੪੩ ਤੇ, ਬਚਨ ਕਰਦੇ ਹਨ ਕਿ ਹਰ ਤਰ੍ਹਾਂ ਦੀ ਮੋਹ ਮਾਇਆ ਤੇ ਮਮਤਾ ਫ਼ਸਾਉਣ ਵਾਲੀ ਮੋਹਣੀ ਹੈ ਜਿਸ ਨੇ ਦੰਦਾਂ ਤੋਂ ਬਿਨਾਂ ਹੀ ਜਗ ਨੂੰ ਖਾਧਾ ਪਿਆ ਹੈ, ਮਨਮੁਖ ਖਾਧੇ ਜਾਂਦੇ ਹਨ ਅਤੇ ਗੁਰਮੁਖ, ਜੋ ਸਚੇ ਨਾਮ ਵਿਚ ਚਿਤ ਜੋੜ ਕੇ ਰਖਦੇ ਹਨ, ਉਨ੍ਹਾਂ ਦਾ ਉਧਾਰ ਹੋ ਜਾਂਦਾ ਹੈ - 'ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ।। ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ।।'

- ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਜੋ ਕੁਝ ਸਦਾ ਨਾਲ ਰਹਿੰਦਾ ਹੈ ਤਾਂ ਉਹ ਹੈ, ਭਗਵਾਨ ਜੀ ਦਾ ਸਿਮਰਣ। ਪਰ ਉਹ ਲਭਦਾ ਹੈ ਤਾਂ ਸਿਰਫ਼ ਰੱਬ ਦੇ ਪੁਤਰ, ਭਾਵ, ਸੰਤ ਜਨਾਂ ਤੋਂ, ਜੋ ਕਿ ਜਨਮ ਮਰਨ ਦੇ ਵਿਚ ਨਹੀਂ ਹੁੰਦੇ, ਅਬਿਨਾਸੀ ਹੁੰਦੇ ਹਨ।੧।

ਸੰਤ ਜਨਾਂ ਰਾਹੀਂ ਸਿਮਰਨ ਪ੍ਰਾਪਤ ਕਰਨ ਬਾਰੇ ਵਿਚਾਰ, ਪਿਛਲੇ ਕਈ ਸ਼ਬਦਾਂ ਦੀ ਵਿਆਖਿਆ ਵਿਚ, ਵਿਸਥਾਰ ਨਾਲ ਆ ਚੁਕੇ ਹਨ ਜੀ।

**ਧ੍ਰਿਗੰਤ ਮਾਤਾ ਪਿਤਾ ਸਨੇਹੰ ਧ੍ਰਿਗ ਸਨੇਹੰ ਭ੍ਰਾਤ ਬਾਂਧਵਹ।।**

**ਧ੍ਰਿਗ ਸ੍ਨੇਹੰ ਬਨਿਤਾ ਬਿਲਾਸ ਸੁਤਹ।।**

-- ਸ੍ਰੀ ਗੁਰੂ ਅਰਜਨ ਸਾਹਿਬ, ਕਰੜੀ ਸ਼ਬਦਾਵਲੀ ਵਿਚ ਬਹੁਤ ਸਪੱਸ਼ਟ ਬਚਨ ਫ਼ੁਰਮਾ ਰਹੇ ਹਨ ਕਿ ਧਿੱਕਾਰ ਹੈ ਮਾਤਾ-ਪਿਤਾ ਦੇ ਸਨੇਹ ਜਾਂ ਮੋਹ ਨੂੰ, ਧਿੱਕਾਰ ਹੈ ਭਰਾ ਅਤੇ ਸੰਬੰਧੀਆਂ ਦੇ ਸਨੇਹ ਨੂੰ।

ਸ੍ਰੀ ਗੁਰੂ ਨਾਨਕ ਸਾਹਿਬ ਵੀ ਪ੍ਰਸ਼ਨ ਉਠਾਉਂਦੇ ਹੋਏ ਸਮਝਾ ਰਹੇ ਹਨ ਕਿ ਮਾਤਾ ਪਿਤਾ ਤਾਂ ਜਨਮ ਲੈਣ ਲਈ ਸਾਧਨ ਮਾਤਰ ਹਨ, ਉਹ ਸਾਡੇ ਜੀਵਨ ਦਾ ਨਿਸ਼ਾਨਾ ਨਹੀਂ। ਸਾਨੂੰ ਇਹ ਸੋਚਣਾ ਚਾਹੀਦਾ ਹੈ ਕਿ ਅਸੀਂ ਕਿਸ ਕੰਮ ਖਾਤਰ ਦੁਨੀਆਂ ਵਿਚ ਆਏ ਹਾਂ - 'ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ।। ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ।।' ਪੰਨਾ ੧੫੬. ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਮਾਤਾ ਪਿਤਾ ਪੁਤਰ ਧੀ ਅਤੇ ਪਤੀ/ਪਤਨੀ ਇਹ ਸਭ ਰਿਸ਼ਤੇ ਮੋਹ ਮਾਇਆ ਦੇ ਬੰਧਨ ਹਨ। ਇਹ ਬੰਧਨ ਸਿਰਫ਼, ਸਚੇ ਗੁਰੂ ਦੀ ਸ਼ਰਣ ਪੈ ਕੇ ਨਾਮ ਜਪਣ ਨਾਲ ਹੀ ਮੁਕਦੇ ਹਨ - 'ਬੰਧਨ ਮਾਤ ਪਿਤਾ ਸੰਸਾਰਿ।। ਬੰਧਨ ਸੁਤ ਕੰਨਿਆ ਅਰੁ ਨਾਰਿ।।..ਨਾਨਕ ਰਾਮ ਨਾਮ

ਸਰਣਾਈ।। ਸਤਿਗੁਰਿ ਰਾਖੇ ਬੰਧੁ ਨ ਪਾਈ।।' ਪੰਨਾ ੪੧੬.

ਸ੍ਰੀ ਗੁਰੂ ਅਮਰਦਾਸ ਸਾਹਿਬ ਤਾਂ ਇਥੋਂ ਤਕ ਉਪਦੇਸ਼ ਦਿਤਾ ਹੈ ਕਿ ਦੁਨਿਆਵੀ ਰਿਸ਼ਤਿਆਂ ਦੇ ਮੋਹ ਤੋਂ ਉਲਟ ਅਸਲ ਮਾਂ, ਪਿਉ, ਕੁਟੰਬ ਤਾਂ ਪਰਮੇਸ਼ਰ ਦਾ ਨਾਮ ਹੀ ਹੈ - 'ਮੇਰਾ ਪਿਤਾ ਮਾਤਾ ਹਰਿ ਨਾਮੁ ਹੈ ਹਰਿ ਬੰਧਪੁ ਬੀਰਾ।।', ਪੰਨਾ ੧੬੩. ਇਹ ਦੁਨਿਆਵੀ ਮਾਤਾ ਪਿਤਾ ਤਾਂ ਨਿਰਾ ਮੋਹ ਹਨ ਅਤੇ ਦੁਨੀਆਂ ਇਸੇ ਮੋਹ ਵਿਚ ਉਲਝੀ ਪਈ ਹੈ - 'ਮਾਤਾ ਪਿਤਾ ਸਭੁ ਹੇਤੁ ਹੈ ਹੇਤੇ ਪਲਚਾਈ ਰਾਮ।।', ਪੰਨਾ ੫੭੧.

-- ਧਿੱਕਾਰ ਹੈ ਦੁਨੀਆਂ ਦੇ ਹਰ ਸਨੇਹ ਨੂੰ, ਪਤੀ/ਪਤਨੀ ਨਾਲ ਅਤੇ ਪੁਤਰ ਨਾਲ ਰੰਗ-ਰਲੀਆਂ ਮਾਣਨ ਨੂੰ।

ਸ੍ਰੀ ਗੁਰੂ ਨਾਨਕ ਸਾਹਿਬ ਤਾਂ ਸਪੱਸ਼ਟ ਹੀ ਫ਼ੁਰਮਾ ਰਹੇ ਹਨ ਕਿ ਜਿਤਨੇ ਵੀ ਦੁਨਿਆਵੀ ਪ੍ਰੀਤ, ਮੋਹ ਅਤੇ ਸੁਆਦ ਹਨ ਇਹ ਸਭ ਕਾਲਖ, ਦਾਗ ਹੀ ਹਨ। ਸਿਮਰਨ ਵਿਹੂਣਾ ਮਨੁਖ ਆਪਣੇ ਚਿਹਰੇ ਤੇ ਇਹ ਦੋਸ਼ ਦਾ ਦਾਗ ਲਗਾ ਕੇ ਤੁਰ ਜਾਂਦਾ ਹੈ ਤਾਂ ਅਗੋਂ ਪ੍ਰਭੂ ਦੀ ਦਰਗਾਹ ਵਿਚ ਬਹਿਣ ਨੂੰ ਥਾਂ ਨਹੀਂ ਮਿਲਦੀ - 'ਜੇਤਾ ਮੋਹੁ ਪਰੀਤਿ ਸੁਆਦ।। ਸਭਾ ਕਾਲਖ ਦਾਗਾ ਦਾਗ।। ਦਾਗ ਦੋਸ ਮੁਹਿ ਚਲਿਆ ਲਾਇ।। ਦਰਗਹ ਬੈਸਣ ਨਾਹੀ ਜਾਇ।।'

ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੪੭ ਤੇ, ਉਪਦੇਸ਼ ਕਰਦੇ ਹਨ ਕਿ ਮਾਇਆ ਮੋਹ ਪ੍ਰੀਤ ਤਾਂ ਸਭ ਧਿੱਕਾਰ ਜੋਗ ਹਨ, ਇਨ੍ਹਾਂ ਨਾਲ ਕੋਈ ਸੁਖੀ ਨਹੀਂ ਦਿਸਦਾ, ਇਸ ਲਈ ਸਿਰਫ਼ ਪ੍ਰਭੂ ਨਾਲ ਹੀ ਮਿਤਰਤਾ ਕਰਨੀ ਚਾਹੀਦੀ ਹੈ - 'ਭਾਈ ਰੇ ਮੀਤੁ ਕਰਹੁ ਪ੍ਰਭੁ ਸੋਇ।। ਮਾਇਆ ਮੋਹ ਪਰੀਤਿ ਧ੍ਰਿਗੁ ਸੁਖੀ ਨ ਦੀਸੈ ਕੋਇ।।' ਸ੍ਰੀ ਗੁਰੂ ਅਰਜਨ ਸਾਹਿਬ ਵੀ ਇਹੀ ਉਪਦੇਸ਼ ਕਰਦੇ ਹਨ ਕਿ ਪਰਮਾਤਮਾ ਦੇ ਨਾਮ ਤੋਂ ਬਿਨਾਂ ਸਾਰੇ ਸਨੇਹ ਧਿੱਕਾਰ ਜੋਗ ਹਨ - 'ਨਾਮ ਬਿਨਾ ਧ੍ਰਿਗੁ ਧ੍ਰਿਗੁ ਅਸਨੇਹੁ।।'

**ਧ੍ਰਿਗ ਸ੍ਨੇਹੰ ਗ੍ਰਿਹਾਰਥ ਕਹ।।**

**ਸਾਧ ਸੰਗ ਸ੍ਨੇਹ ਸਤ੍ਿੰ ਸੁਖਯੰ ਬਸੰਤਿ ਨਾਨਕਹ।।੨।।**

-- ਧਿੱਕਾਰ ਹੈ ਘਰ ਚਲਾਉਣ ਵਾਸਤੇ ਇਕੱਠੇ ਕੀਤੇ ਪਦਾਰਥਾਂ ਦੇ ਨਾਲ ਸਨੇਹ ਨੂੰ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਖਬਰਦਾਰ ਕਰਦੇ ਹਨ ਕਿ ਤੂੰ ਆਪਣੀ ਮੁਕਤੀ ਦਾ ਰਾਹ ਨਹੀਂ ਜਾਣਿਆ, ਸਿਰਫ਼ ਧਨ ਪਦਾਰਥ ਇਕੱਠਾ ਕਰਨ ਲਈ ਦੌੜਿਆ ਰਿਹਾ - 'ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ।।', ਪੰਨਾ ੬੩੧.

-- ਸਿਰਫ਼ ਸਾਧੂ ਦੀ ਸੰਗਤਿ ਦਾ ਸਨੇਹ ਸਤਿ ਹੈ, ਸਦਾ ਥਿਰ ਰਹਿਣ ਵਾਲਾ ਹੈ, ਸਚਾ ਹੈ, ਪੰਜਵੇਂ ਨਾਨਕ ਦਾ ਫ਼ੁਰਮਾਣ ਹੈ ਕਿ ਸਾਧੂ  ਦੀ ਸੰਗਤਿ ਨਾਲ ਮਨੁਖ, ਸਚੇ, ਪਰਮ ਸੁਖਾਂ ਦੇ ਦਾਤੇ ਪ੍ਰਭੂ ਵਿਚ ਵਸ ਜਾਂਦਾ ਹੈ।੨।

ਪੰਜਵੇਂ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਜਿਸ ਮਨੁਖ ਦੀ ਹਰੀ ਪ੍ਰਭੂ ਨਾਲ ਪ੍ਰੀਤ ਨਹੀਂ ਉਸਦਾ ਘਰ, ਕੁਟੰਬ ਆਦਿ ਸਭ ਧਿੱਕਾਰ ਜੋਗ ਹਨ - 'ਧ੍ਰਿਗੁ ਧ੍ਰਿਗੁ ਗ੍ਰਿਹੁ ਕੁਟੰਬੁ ਜਿਤੁ ਹਰਿ ਪ੍ਰੀਤਿ ਨ ਹੋਇ।।'

ਮਹਾਤਮਾ ਜੀਸਸ ਦੇ ਉਪਦੇਸ਼, ਬਾਈਬਲ ਦੇ ਨਵੇਂ ਨੇਮ (New Testament) ਵਿਚ ਇੰਞ ਅੰਕਤ ਹਨ:

"ਮੈਂ ਮਨੁਖ ਨੂੰ ਉਹਦੇ ਪਿਓ ਤੋਂ ਅਤੇ ਧੀ ਨੂੰ ਉਹ ਦੀ ਮਾਂ ਤੋਂ ਅਤੇ ਨੂੰਹ ਨੂੰ ਉਹ ਦੀ ਸੱਸ ਤੋਂ ਅੱਡ ਕਰਣ ਆਇਆ ਹਾਂ। ਅਰ ਮਨੁਖ ਦੇ ਵੈਰੀ ਉਹ ਦੇ ਘਰ ਦੇ ਹੀ ਹੋਣਗੇ। ਜੋ ਕੋਈ ਪਿਉ ਯਾ ਮਾਂ ਨੂੰ ਮੇਰੇ ਨਾਲੋਂ ਵੱਧ ਪਿਆਰ ਕਰਦਾ ਹੈ ਮੇਰੇ ਜੋਗ ਨਹੀਂ ਅਤੇ ਜੋ ਕੋਈ ਪੁੱਤਰ ਯਾ ਧੀ ਨੂੰ ਮੇਰੇ ਨਾਲੋਂ ਵੱਧ ਪਿਆਰ ਕਰਦਾ ਹੈ ਮੇਰੇ ਜੋਗ ਨਹੀਂ। ਅਤੇ ਜੋ ਕੋਈ ਆਪਣੀ ਸਲੀਬ ਚੁਕ ਕੇ ਮੇਰੇ ਮਗਰ ਨਾ ਤੁਰੇ ਮੇਰੇ ਜੋਗ ਨਹੀਂ।" **ਮੱਤੀ 10:35-38**

ਇਨ੍ਹਾਂ ਪੰਕਤੀਆਂ ਨੂੰ ਗੁਰਮਤਿ ਦੇ ਸੰਦਰਭ ਵਿਚ ਵੇਖੀਏ ਪਤਾਂ ਇਹ ਭਾਵ ਉਜਾਗਰ ਹੁੰਦਾ ਹੈ ਕਿ ਗੁਰੂ ਦੇ ਸਨਮੁਖ, ਹੋਰ ਸਭ ਤਰ੍ਹਾਂ ਦੇ ਪ੍ਰੇਮ ਪਿਆਰ ਤੁਛ ਹਨ। ਇਨ੍ਹਾਂ ਦਾ ਪ੍ਰੇਮ ਰਸਤੇ ਦੀ ਰੁਕਾਵਟ ਹੋਣ ਕਰਕੇ ਮਨੁਖ ਦਾ ਦੁਸ਼ਮਣ ਹੈ, ਗੁਰੂ ਨਾਲ ਪ੍ਰੀਤ ਤਾਂ ਹੀ ਨਿਭਾਈ ਜਾ ਸਕਦੀ ਹੈ ਜੇ ਬਾਕੀ ਸਭ ਪਾਸੋਂ ਤੋੜ ਲਈ ਜਾਵੇ। ਭਗਤ ਨਾਮਦੇਵ ਜੀ ਨੇ ਸੁੰਦਰ ਸ਼ਬਦਾਂ ਵਿਚ ਦਸਿਆ ਹੈ ਕਿ ਸਭ ਲੋਕਾਂ ਨਾਲ, ਕੁਟੰਬ ਆਦਿ ਨਾਲ ਮੋਹ ਤੋੜ ਲਈਏ ਤਾਂ ਪ੍ਰਭੂ ਆਪ ਹੀ ਕੋਲ ਆ ਜਾਂਦਾ ਹੈ - 'ਲੋਕ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ।।', ਪੰਨਾ ੬੫੭.

ਇਤਿਹਾਸ ਵੀ ਗਵਾਹ ਹੈ ਕਿ ਜਦੋਂ ਮਾਤਾ ਜਾਂ ਪਿਤਾ ਦਾ ਵੀ ਮੋਹ, ਗੁਰੂ ਪ੍ਰੇਮ ਦੇ

ਆੜੇ ਆ ਜਾਵੇ ਤਾਂ ਉਸ ਦਾ ਤਿਆਗ ਕਰਨਾ ਜ਼ਰੂਰੀ ਹੋ ਜਾਂਦਾ ਹੈ। ਭਗਤ ਨਾਮਦੇਵ ਜੀ ਅਨੁਸਾਰ, ਭਗਤ ਪ੍ਰਹਲਾਦ ਨੇ ਵੀ ਮਾਂ ਦਾ ਮੋਹ ਠੁਕਰਾ ਦਿਤਾ ਸੀ - 'ਪੂਤੁ ਪ੍ਰਹਿਲਾਦੁ ਕਹਿਆ ਨਹੀ ਮਾਨੈ ਤਿਨਿ ਤਉ ਅਉਰੈ ਠਾਨੀ।।' ਪੰਨਾ ੧੧੬੫. ਇਸੇ ਪੰਨੇ ਤੇ, ਭਗਤ ਨਾਮਦੇਵ ਜੀ ਨੂੰ ਜਦੋਂ ਵਕਤ ਦੇ ਰਾਜੇ ਨੇ ਕੈਦ ਕਰ ਲਿਆ ਸੀ ਤਾਂ ਮਾਂ ਦੇ ਖੁਦਾ ਜਪ ਲੈਣ ਦੀ ਸਲਾਹ ਦੇਣ ਤੇ ਮਾਂ ਨੂੰ ਮਾਂ ਮੰਨਣ ਤੋਂ ਹੀ ਇਨਕਾਰ ਕਰ ਦਿਤਾ ਸੀ - 'ਨਾ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ।। ਪਿੰਡ ਪੜੈ ਤਉ ਹਰਿ ਗੁਨ ਗਾਇ।।'

ਸਿਖ ਸ਼ਹਾਦਤਾਂ ਦੇ ਇਤਿਹਾਸ ਵਿਚ ਵੀ ਇਕ ਬਚੇ ਨੇ ਆਪਣੀ ਮਾਤਾ ਦੇ ਮੋਹ ਕਰਨ ਤੇ ਉਸਦਾ ਤਿਆਗ ਕਰਦੇ ਹੋਇ ਕਹਿ ਦਿਤਾ ਸੀ ਕਿ ਇਹ ਮੇਰੀ ਮਾਂ ਨਹੀਂ।

ਸ੍ਰੀ ਗੁਰੂ ਅਰਜਨ ਸਾਹਿਬ ਦੇ ਬਚਨ ਹਨ ਕਿ ਗੁਰੂ ਦੇ ਪਿਆਰ ਦੇ ਸਨਮੁਖ ਮਾਤਾ ਪਿਤਾ ਦਾ ਪਿਆਰ ਤੁੱਛ ਹੈ ਤੇ ਉਸਦਾ ਤਿਆਗ ਦੇਣਾ ਹੀ ਉਚਿਤ ਹੈ। ਇਥੋਂ ਤਕ ਕਿ ਆਪਣੀ ਜਾਤਿ, ਜਨਮ ਅਤੇ ਕੁਲ ਦਾ ਤਿਆਗ ਕਰਕੇ ਸਿਮਰਨ ਕਰਨਾ ਹੀ ਸਾਡਾ ਰਾਹ ਹੈ, ਨਿਸ਼ਾਨਾ ਹੈ - 'ਮਾਤਰ ਪਿਤਰ ਤਿਆਗਿ ਕੈ ਮਨੁ ਸੰਤਨ ਪਾਹਿ ਬੇਚਾਇਓ।। ਜਾਤਿ ਜਨਮ ਕੁਲ ਖੋਈਐ ਹਉ ਗਾਵਉ ਹਰਿ ਹਰੀ।।', ਪੰਨਾ ੧੨੩੦.

